# Handover Ceremony for the Final Phase of the Project for Supply and Installation of 1500 Hand Pumps for Augmentation of Rural Water Supply in Cambodia

September 27, 2021

……………………………………………………………………

## ਕੰਬੋਡੀਆ ਵਿੱਚ ਪੇਂਡੂ ਜਲ ਸਪਲਾਈ ਵਧਾਉਣ ਲਈ 1500 ਹੈਂਡ ਪੰਪਾਂ ਦੀ ਸਪਲਾਈ ਅਤੇ ਸਥਾਪਨਾ ਦੇ ਪ੍ਰੋਜੈਕਟ ਦੇ ਆਖਰੀ ਪੜਾਅ ਦਾ ਸੌਂਪਣ ਸਮਾਰੋਹ

27 ਸਤੰਬਰ, 2021

"ਕੰਬੋਡੀਆ ਵਿੱਚ ਪੇਂਡੂ ਜਲ ਸਪਲਾਈ ਵਧਾਉਣ ਲਈ 1500 ਹੈਂਡ ਪੰਪਾਂ ਦੀ ਸਪਲਾਈ ਅਤੇ ਸਥਾਪਨਾ" ਦੇ ਪ੍ਰੋਜੈਕਟ ਦਾ ਆਖ਼ਰੀ ਪੜਾਅ ਸੌਂਪਣ ਲਈ ਅੱਜ ਵਰਚੁਅਲ ਸਮਾਰੋਹ ਕੀਤਾ ਗਿਆ। ਇਸ ਸਮਾਰੋਹ ਦੀ ਪ੍ਰਧਾਨਗੀ ਵਿਦੇਸ਼ ਰਾਜ ਮੰਤਰੀ ਡਾ. ਰਾਜਕੁਮਾਰ ਰੰਜਨ ਸਿੰਘ ਅਤੇ ਰਾਇਲ ਕਿੰਗਡਮ ਆਫ਼ ਕੰਬੋਡੀਆ ਦੇ ਪੇਂਡੂ ਵਿਕਾਸ ਮੰਤਰੀ ਮਹਾਮਹਿਮ ਡਾ. ਉਕ ਰਬੂਨ ਨੇ ਕੀਤੀ।

2. ਇਸ ਪ੍ਰੋਜੈਕਟ ਨੂੰ ਲਾਗੂ ਕਰਨ ਲਈ ਭਾਰਤ ਸਰਕਾਰ ਦੁਆਰਾ 100% ਗ੍ਰਾਂਟ ਰਾਹੀਂ ਵਿੱਤਪੋਸ਼ਣ ਕੀਤਾ ਗਿਆ ਸੀ। ਇਸ ਵਿੱਚ ਕੰਬੋਡੀਆ ਦੇ 2 ਪ੍ਰਾਂਤਾਂ ਟਬੌਂਗ ਖਮਮ ਅਤੇ ਬਾਂਟੇਯੇ ਮੀਨਚੇ ਵਿੱਚ 1500 ਹੈਂਡ ਪੰਪਾਂ ਦੀ ਸਪਲਾਈ ਅਤੇ ਸਥਾਪਨਾ ਕਰਨਾ ਸ਼ਾਮਲ ਹੈ। 433 ਪਿੰਡਾਂ ਦੀ ਤਕਰੀਬਨ 4, 00, 000 ਦੀ ਪੇਂਡੂ ਆਬਾਦੀ ਨੂੰ ਇਸ ਪ੍ਰੋਜੈਕਟ ਨਾਲ ਫਾਇਦਾ ਪਹੁੰਚਿਆ ਹੈ ਅਤੇ ਇਸਦੇ ਸਦਕਾ ਸੁਰੱਖਿਅਤ ਪਾਣੀ ਪੀਣ ਵਾਲੀ ਆਬਾਦੀ 27% ਤੋਂ ਵਧਕੇ 40% ਹੋ ਗਈ ਹੈ।

3. ਇਹ ਪ੍ਰੋਜੈਕਟ ਭਾਰਤ ਅਤੇ ਕੰਬੋਡੀਆ ਦਰਮਿਆਨ ਮਜ਼ਬੂਤ ਦੁਵੱਲੇ ਵਿਕਾਸ ਸਹਿਯੋਗ ਦਾ ਪ੍ਰਤੀਕ ਹੈ। ਸਮਰੱਥਾ ਨਿਰਮਾਣ ਦੇ ਯਤਨਾਂ ਨੂੰ ਜਾਰੀ ਰੱਖਣ, ਗ੍ਰਾਂਟਾਂ ਅਤੇ ਰਿਆਇਤੀ ਕਰਜ਼ਿਆਂ ਰਾਹੀਂ ਮਾਲੀ ਮਦਦ ਰਾਹੀਂ ਭਾਰਤ ਨੂੰ ਕੰਬੋਡੀਆ ਦੇ ਆਰਥਿਕ ਵਿਕਾਸ ਵਿੱਚ ਮਹੱਤਵਪੂਰਣ ਭਾਈਵਾਲ ਬਣਨ ਦੀ ਆਸ ਹੈ।

ਨਵੀਂ ਦਿੱਲੀ
27 ਸਤੰਬਰ, 2021

DISCLAIMER: This is an approximate translation. The original is available in English on MEA's website and may be referred to as the official press release.